10-9-2000

# ਈਸਟ ਇੰਡੀਆ ਕੰਪਨੀ ਅਤੇ ਭਾਰਤ ਦੀ ਗ਼ੁਲਾਮੀ

10th Sept 2000

ਈਸਟ ਇੰਡੀਆ ਕੰਪਨੀ ਵਾਲਾ ਇਤਿਹਾਸ 250 ਸਾਲਾਂ ਬਾਅਦ ਫੇਰ ਦੁਹਰਾਏ ਜਾਣ ਦੇ ਹਾਲਾਤ ਪੈਦਾ ਹੋ ਗਏ ਹਨ। ਇਸ ਕੰਪਨੀ ਨੇ ਜਦੋਂ ਭਾਰਤ ਨੂੰ ਗ਼ੁਲਾਮ ਬਣਾਉਣ ਦਾ ਅਮਲ ਸ਼ੁਰੂ ਕੀਤਾ ਸੀ ਤਾਂ ਭਾਰਤ ਦੇ ਆਮ ਬੰਦੇ ਨੂੰ ਬਿਲਕੁਲ ਪਤਾ ਹੀ ਨਹੀਂ ਲੱਗਿਆ ਸੀ। ਬਾਦਸ਼ਾਹ ਦੀ ਹਕੂਮਤ ਸੀ। ਨਿੱਕੇ-ਨਿੱਕੇ ਰਾਜਿਆਂ ਦੀ, ਨਵਾਬਾਂ ਦੀ ਸਲਤਨਤ ਸਨ। ਲੋਕ ਵੱਖਰੇ-ਵੱਖਰੇ ਰਾਜਿਆਂ, ਨਵਾਬਾਂ ਅਤੇ ਬਾਦਸ਼ਾਹਾਂ ਦੀ ਪਰਜਾ ਸਨ। ਇਹ ਰਾਜੇ ਮਹਾਰਾਜੇ ਹੀ ਉਹਨਾਂ ਦੀ ਕਿਸਮਤ ਦੇ ਮਾਲਕ ਸਨ, ਉਹੀ ਇਹਨਾਂ ਦੀ ਕਿਸਮਤ ਦਾ ਫ਼ੈਸਲਾ ਕਰਦੇ ਸਨ। ਨਾ ਅਖ਼ਬਾਰਾਂ ਸਨ, ਜੋ ਉਹਨਾਂ ਨੂੰ ਕੋਈ ਜਾਣਕਾਰੀ ਦੇਂਦੀਆਂ ਅਤੇ ਨਾ ਹੀ ਕੋਈ ਚੁਣੇ ਹੋਏ ਜਮਹੂਰੀ ਅਦਾਰੇ ਸਨ। ਰਾਜਿਆਂ, ਮਹਾਰਾਜਿਆਂ, ਨਵਾਬਾਂ ਅਤੇ ਦਿੱਲੀ ਦੇ ਬਾਦਸ਼ਾਹ ਦੇ ਦਰਬਾਰ ਸਾਜ਼ਿਸ਼ਾਂ ਦਾ ਗੜ੍ਹ ਹੁੰਦੇ ਸਨ। ਬਾਦਸ਼ਾਹ ਦੇ ਪੁੱਤਰ, ਪੋਤੇ, ਜਰਨੈਲ, ਸਿਪਾਹ-ਸਾਲਾਰ, ਫ਼ੌਜਦਾਰ ਸਭ ਇਕ-ਦੂਜੇ ਨੂੰ ਠਿੱਬੀ ਲਗਾ ਕੇ ਹਕੂਮਤ ਸਾਂਭਣ ਵਿਚ ਮਸ਼ਰੂਫ਼ ਸਨ। ਕੰਪਨੀ ਵਾਲੇ ਵਿਉਪਾਰੀ ਬਣਕੇ ਆਏ ਅਤੇ ਦਰਬਾਰਾਂ ਵਿਚ ਘੁਸਪੈਠੀ ਕਰਕੇ ਉਹਨਾਂ ਨੇ ਦਰਬਾਰੀਆਂ ਨੂੰ ਲੜਾਇਆ ਤੇ ਹੌਲੇ-ਹੌਲੇ ਹਿੰਦੋਸਤਾਨ ਦੇ ਮਾਲਕ ਬਣ ਗਏ। ਇਹ ਇਤਿਹਾਸ ਹੁਣ ਸਭ ਨੂੰ ਪਤਾ ਹੈ।

ਵਿਚਾਰ-ਚਰਚਾ



ਗੁਰਸ਼ਰਨ ਸਿੰਘ

ਅੱਜ ਦਿਸਣ ਵਿਚ ਉਹ ਹਾਲਾਤ ਨਹੀਂ ਪਰ ਸਾਮਰਾਜੀਆਂ ਦੀਆਂ ਨੀਅਤਾਂ ਵੀ ਉਹੀ ਹਨ ਅਤੇ ਉਹਨਾਂ ਦੀਆਂ ਚਾਲਾਂ ਵੀ ਉਹੀ ਹਨ। ਉਸ ਵੇਲੇ ਹਿੰਦੋਸਤਾਨ ਦੀ ਨੀਲ ਦੀ ਸਨਅਤ ਤਬਾਹ ਹੋ ਗਈ। ਢਾਕੇ ਦੇ ਮਲਮਲ ਦੇ ਕਾਰੀਗਰਾਂ ਦੇ ਅੰਗੂਠੇ ਕੱਟੇ ਗਏ ਤਾਂ ਜੋ ਇੰਗਲੈਂਡ ਦੇ ਕੱਪੜੇ ਦੇ ਕਾਰਖ਼ਾਨੇ ਚੱਲ ਸਕਣ। ਹੁਣ ਗੈਟ ਸਮਝੌਤਿਆਂ ਰਾਹੀਂ ਜਾਂ ਵਿਸ਼ਵ ਵਿਉਪਾਰ ਸੰਸਥਾ ਰਾਹੀਂ ਵੀ ਉਹੀ ਅਮਲ ਜਾਰੀ ਹੈ। ਦੁੱਧ, ਪਨੀਰ, ਮੱਖਣ, ਘਿਓ ਬਾਹਰੋਂ ਆ ਕੇ ਇੱਥੇ ਪਹਿਲਾਂ ਸਸਤੇ ਭਾਅ ਵਿਕੇਗਾ, ਜਦੋਂ ਇੱਥੋਂ ਦੀ ਡੇਅਰੀ ਸਨਅਤ ਤਬਾਹ ਹੋ ਗਈ ਤਾਂ ਫੇਰ ਉਹੀ ਚੀਜ਼ਾਂ ਮਹਿੰਗੀਆਂ ਹੋ ਜਾਣਗੀਆਂ। ਸਾਈਕਲ ਬਾਹਰੋਂ ਸਸਤੇ ਆਉਣਗੇ। ਸਾਡੀ ਸਾਈਕਲ ਸਨਅਤ ਜਦੋਂ ਤਹਿਸ-ਨਹਿਸ ਹੋ ਗਈ ਤਾਂ ਉਹੀ ਮਹਿੰਗੇ ਹੋ ਜਾਣਗੇ। ਦੇਖਦਿਆਂ-ਦੇਖਦਿਆਂ ਸਭ ਕੁੱਝ ਹੋ ਰਿਹਾ ਹੈ, ਪਰ ਅਸੀਂ ਕਰ ਕੁੱਝ ਨਹੀਂ ਸਕਦੇ, ਕਿਉਂਕ ਸਾਡਾ ਵਾਲ-ਵਾਲ ਬਦੇਸ਼ੀ ਕਰਜ਼ੇ ਥੱਲੇ ਹੈ। ਈਸਟ ਇੰਡੀਆ ਕੰਪਨੀ ਵੇਲੇ ਤਾਂ ਸਾਨੂੰ ਕੁਝ ਪਤਾ ਹੀ ਨਹੀਂ ਸੀ ਪਰ ਹੁਣ ਸਭ ਕੁੱਝ ਪਤਾ ਹੁੰਦਿਆਂ ਵੀ ਕੁੱਝ ਨਹੀਂ ਕਰ ਸਕਦੇ। ਏਕਾਈ ਟੈਲੀਵਿਜ਼ਨ ਵਾਲਿਆਂ ਸਸਤੇ ਏਕਾਈ ਟੈਲੀਵਿਜ਼ਨ ਦੇ ਸੈੱਟ ਸਾਡੀ ਮਾਰਕੀਟ ਵਿਚ ਸੁੱਟ ਦਿੱਤੇ। ਮਾਹਿਰ ਦੱਸਦੇ ਹਨ ਜਿਹੜੀ ਮੁਹਾਲੀ ਵਿਚ ਇਲੈੱਕਟਰੋਨ ਇੰਡਸਟਰੀ ਫੇਲ੍ਹ ਹੋਈ ਹੈ, ਇਹਦਾ ਇਕ ਕਾਰਨ ਬਾਹਰ ਦੇ ਸਸਤੇ ਟੈਲੀਵਿਜ਼ਨ ਹਨ।

ਫੇਰ ਕਰੀਏ ਕੀ? ਕੀ ਜਾਣਦਿਆਂ ਹੋਇਆਂ ਵੀ ਆਪਣੇ ਪੈਰ ਕੁਹਾੜਾ ਮਾਰਕੇ ਗ਼ੁਲਾਮ ਬਣ ਜਾਈਏ? ਆਉਣ ਵਾਲੀਆਂ ਪੀੜ੍ਹੀਆਂ ਲਈ ਗ਼ੁਲਾਮੀ ਦੇ ਦਰ ਖੋਲ੍ਹ ਦੇਈਏ? ਗ਼ੁਲਾਮ ਕੀ ਹੁੰਦਾ ਹੈ? ਉਹੀ ਹੁੰਦਾ ਹੈ ਜੋ ਆਪਣੀ ਮਰਜ਼ੀ ਦਾ ਮਾਲਕ ਨਾ ਹੋ ਸਕੇ। ਲਾਚਾਰ ਹੋਵੇ। ਹਾਕਮਾਂ ਨੇ ਸਾਮਰਾਜੀਆਂ ਨਾਲ ਭਾਈਵਾਲੀ ਪਾ ਕੇ ਆਪਣੇ ਫ਼ੈਸਲੇ ਕਰ ਲਏ ਹਨ। ਅਸੀਂ ਫ਼ੈਸਲਾ ਕਰਕੇ ਲਾਮਬੰਦੀ ਕਰੀਏ। ਇਸ ਲਾਮਬੰਦੀ ਵਿਚ ਵੱਡੀ ਰੁਕਾਵਟ ਕੁਰਸੀ ਲਈ ਦੌੜ ਹੈ ਜਾਂ ਕੁਰਸੀ ਦਾ ਲਾਲਚ ਹੈ। ਇਹ ਦੌੜ ਬਿਲਕੁਲ ਉਸੇ ਤਰ੍ਹਾਂ ਦੀ ਹੈ, ਜਿਸ ਤਰ੍ਹਾਂ ਦੀ ਰਾਜੇ-ਮਹਾਰਾਜਿਆਂ, ਨਵਾਬਾਂ ਦੀ ਹੁੰਦੀ ਸੀ ਕਿ ਵੱਧ ਤੋਂ ਵੱਧ ਇਲਾਕੇ ਉਹਨਾਂ ਦੇ ਥੱਲੇ ਹੋਣ।

ਰੋਜ਼ ਕੋਈ ਨਾ ਕੋਈ ਚੋਣਾਂ, ਉਪ ਚੋਣਾਂ ਸਾਡਾ ਧਿਆਨ ਖਿੱਚੀ ਰੱਖਦੀਆਂ ਹਨ। ਇਨ੍ਹਾਂ ਵੱਲੋਂ ਧਿਆਨ ਪਰ੍ਹਾਂ ਕਰਕੇ ਇਹ ਸਰਮਾਏਦਾਰੀ ਸਿਸਟਮ ਦਾ ਜਿਹੜਾ ਮੱਕੜੀ ਜਾਲ ਹੈ, ਇਹਨੂੰ ਤੋੜੀਏ। ਇਹਦੇ ਤੋਂ ਬਾਹਰ ਆਈਏ। ਸਾਰਾ ਧਿਆਨ ਇਸ ਸਿਸਟਮ ਨੂੰ ਉਲਟਾਣ ਵੱਲ ਲਾਈਏ। ਇਹਨੂੰ ਇਨਕਲਾਬ ਕਹਿੰਦੇ ਹਨ। ਆਪਣੀ ਸਾਰੀ ਸ਼ਕਤੀ ਇਨਕਲਾਬ ਲਿਆਉਣ ਵੱਲ ਕੇਂਦਰਿਤ ਕਰੀਏ। ਅਸੀਂ ਕਿਸੇ ਵੀ ਖੇਤਰ ਵਿਚ ਕੰਮ ਕਰ ਰਹੇ ਹੋਈਏ, ਭਾਵੇਂ ਉਹ ਸਾਹਿਤ ਦਾ ਹੋਵੇ, ਸੱਭਿਆਚਾਰ ਦਾ ਹੋਵੇ, ਸਿਆਸਤ ਦਾ ਹੋਵੇ, ਨਿਸ਼ਾਨਾ ਇਹੀ ਹੋਵੇ ਕਿ ਇਸ ਸਿਸਟਮ ਨੂੰ ਢਾਹ ਲਗਾਉਣੀ ਹੈ। ਹਾਕਮਾਂ ਨੇ ਬਦੇਸ਼ੀ ਕੰਪਨੀਆਂ ਨਾਲ ਭਾਈਵਾਲੀ ਪਾ ਕੇ ਆਪਣਾ ਰਾਹ ਚੁਣ ਲਿਆ ਹੈ। ਇਹ ਗ਼ੁਲਾਮੀ ਅਤੇ ਬਰਬਾਦੀ ਦਾ ਰਾਹ ਹੈ। ਅਸੀਂ ਵੀ ਆਪਣਾ ਰਾਹ ਚੁਣ ਲਈਏ, ਇਹ ਇਨਕਲਾਬ ਦੇ ਰਾਹ ਤੋਂ ਸਿਵਾ ਹੋਰ ਕੋਈ ਰਾਹ ਨਹੀਂ। ਆਪਣੇ ਹਰ ਸੰਘਰਸ਼ ਨੂੰ ਇਸੇ ਨਿਸ਼ਾਨੇ ਵੱਲ ਸੇਧਤ ਕਰੀਏ। ਇਹ ਸਮੇਂ ਦੀ ਲੋੜ ਹੈ।